

## ਜ਼ਿਲ੍ਹਾ ਖ਼ਜ਼ਾਨਾ ਅਫ਼ਸਰ

ਇਹ ਦਫ਼ਤਰ ਨਵੇਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਹੈ। ਇਸ ਦੇ ਅਧੀਨ 6 ਉਪ ਖਜ਼ਾਨਾ ਦਫ਼ਤਰ ਦਸੂਹਾ, ਮੁਕੇਰੀਆਂ, ਗੜ੍ਹਸ਼ੰਕਰ, ਤਲਵਾੜਾ, ਟਾਂਡਾ ਅਤੇ ਭੂੰਗਾ ਵਿਖੇ ਖਜ਼ਾਨਾ ਅਫ਼ਸਰ ਦੀ ਦੇਖ-ਰੇਖ ਵਿੱਚ ਕੰਮ ਕਰ ਰਹੇ ਹਨ। ਖਜ਼ਾਨਾ ਦਫ਼ਤਰ ਪੂਰੀ ਤਰ੍ਹਾਂ ਕੰਪਿਊਟਰਾਈਜ਼ ਕੀਤਾ ਜਾ ਚੁੱਕਾ ਹੈ ਅਤੇ ਛੇਤੀ ਹੀ ਉਪ ਖਜ਼ਾਨਾ ਦਫ਼ਤਰ ਵੀ ਕੰਪਿਊਟਰਾਈਜ਼ ਕੀਤੇ ਜਾ ਰਹੇ ਹਨ। ਕੰਪਿਊਟਰਾਈਜ਼ ਹੋਣ ਕਾਰਨ ਇਸ ਦਫ਼ਤਰ ਦੇ ਕੰਮ ਕਾਜ ਵਿੱਚ ਨਿਪੁੰਨਤਾ ਆ ਗਈ ਹੈ। ਮਹਾਂ ਲੇਖਾਕਾਰ ਪੰਜਾਬ ਨੂੰ ਮਹੀਨਾ ਵਾਰ ਅਕਾਉਂਟ ਕੰਪਿਊਟਰ ਰਾਹੀਂ ਸਮੇਂ ਸਿਰ ਅਤੇ ਸਹੀ ਭੇਜਿਆ ਜਾਂਦਾ ਹੈ ਅਤੇ ਸਰਕਾਰ ਵਲੋਂ ਮੰਗੀਆਂ ਸੂਚਨਾਵਾਂ ਵੀ ਸਮੇਂ ਸਿਰ ਕੰਪਿਊਟਰਾਈਜ਼ ਭੇਜੀਆਂ ਜਾਂਦੀਆਂ ਹਨ।

**ਇਸ ਦਫ਼ਤਰ ਵਲੋਂ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ**

**ਤਨਖਾਹਾਂ ਦੀ ਅਦਾਇਗੀ**

ਇਸ ਦਫ਼ਤਰ ਵਿੱਚ ਵੱਖ-ਵੱਖ ਵਿਭਾਗਾਂ ਤੋਂ ਆਉਣ ਵਾਲੇ ਤਨਖਾਹਾਂ ਅਤੇ ਹੋਰ ਬਿੱਲਾਂ ਦੀ ਅਦਾਇਗੀ ਕੰਪਿਊਟਰਾਈਜ਼ ਚੈਕ ਰਾਹੀਂ ਕੀਤੀ ਜਾਂਦੀ ਹੈ।

**ਪੈਨਸ਼ਨਰਾਂ ਨੂੰ ਪੈਨਸ਼ਨ ਦੀ ਅਦਾਇਗੀ**

ਇਸ ਦਫ਼ਤਰ ਵਿੱਚੋਂ ਪੈਨਸ਼ਨ ਲੈਣ ਵਾਲੇ ਸਾਰੇ ਪੈਨਸ਼ਨਰਾਂ ਨੂੰ ਪੈਨਸ਼ਨ ਦੀ ਅਦਾਇਗੀ ਸਮੇਂ ਸਿਰ ਕੀਤੀ ਜਾਂਦੀ ਹੈ। ਹੁਣ ਪੰਜਾਬ ਸਰਕਾਰ ਦੀ ਨਵੀਂ ਪਾਲਿਸੀ ਅਨੁਸਾਰ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਅਤੇ ਹੋਰ ਪੈਨਸ਼ਨਰਾਂ ਨੂੰ ਪੈਨਸ਼ਨ ਦੀ ਅਦਾਇਗੀ ਬੈਂਕਾਂ ਰਾਹੀਂ ਕੀਤੀ ਜਾਂਦੀ ਹੈ। ਪੰਜਾਬ ਦੇ ਫਰੀਡਮ ਫਾਈਟਰ ਪੈਨਸ਼ਨਰਾਂ ਨੂੰ ਇਸ ਦਫਤਰ ਵਲੋਂ ਕੰਪਿਊਟਰਾਈਜ਼ ਚੈਕ ਰਾਹੀਂ ਪੈਨਸ਼ਨ ਦਿੱਤੀ ਜਾਂਦੀ ਹੈ।

**ਅਸ਼ਟਾਮਾਂ ਦੀ ਸੇਲ ਬਾਰੇ**

ਇਸ ਦਫਤਰ ਵਲੋਂ ਹਰ ਪ੍ਰਕਾਰ ਦੇ ਅਸ਼ਟਾਮਾਂ ਦੀ ਵਿਕਰੀ ਖਜ਼ਾਨੇ ਦੇ ਕਾਉਂਟਰ ਤੇ ਕੀਤੀ ਜਾਂਦੀ ਹੈ। 50,000/- ਰੁਪਏ ਤੱਕ ਦੇ ਅਸ਼ਟਾਮਾਂ ਦੀ ਵਿਕਰੀ ਅਸ਼ਟਾਮਫਰੋਸ਼ਾਂ ਵਲੋਂ ਕੀਤੀ ਜਾਂਦੀ ਹੈ। ਇਸ ਖਜ਼ਾਨੇ ਵਿੱਚੋਂ ਅਸ਼ਟਾਮ ਪ੍ਰਾਪਤ ਕਰਨ ਵਾਲੇ ਅਸ਼ਟਾਮਫਰੋਸ਼ਾਂ ਦੀ ਗਿਣਤੀ 43 ਹੈ। ਇਸ ਤੋਂ ਵੱਧ ਰਕਮ ਦੇ ਅਸ਼ਟਾਮ ਸਿੱਧੇ ਕਾਊਂਟਰ ਤੇ ਵੇਚੇ ਜਾਂਦੇ ਹਨ। ਅਸ਼ਟਾਮਫਰੋਸ਼ਾਂ ਨੂੰ ਹਰ ਤਰ੍ਹਾਂ ਦੇ ਅਸ਼ਟਾਮ ਬਿਨ੍ਹਾਂ ਕਿਸੇ ਦੇਰੀ ਦੇ ਸਮੇਂ ਸਿਰ ਉਪਲੱਬਧ ਕਰਵਾਏ ਜਾਂਦੇ ਹਨ। ਇਸ ਦਫ਼ਤਰ ਵਲੋਂ ਵੱਖ-ਵੱਖ ਪ੍ਰਕਾਰ ਦੀਆਂ ਗਰਾਂਟਾਂ ਦੇ ਬਿੱਲ ਪੀ.ਐਲ.ਏ. ਦੇ ਵੋਚਰ ਆਦਿ ਹਰ ਪ੍ਰਕਾਰ ਦੀ ਪੰਜਾਬ ਸਰਕਾਰ ਦੀ ਪੇਮੈਂਟ ਕੀਤੀ ਜਾਂਦੀ ਹੈ।